OFFICE OF THE
DIRECTOR GENERAL OF
POLICE PUNJAB,
CHANDIGARH.

ਦਫਤਰ,
ਡਾਇਰੈਕਟਰ ਜਨਰਲ ਪੁਲਿਸ , ਪੰਜਾਬ,
ਚੰਡੀਗੜ੍ਹ ।

ਪ੍ਰਸ਼ਾਸਨ ਵਿੰਗ
(ਅਮਲਾ-1 ਸ਼ਾਖਾ)

ਵੱਲ

1. ਡੀ.ਜੀ.ਪੀ, ਐਚ.ਆਰ.ਡੀ, ਪੰਜਾਬ, ਚੰਡੀਗੜ੍ਹ।
2. ਡੀ.ਜੀ.ਪੀ/ਇੰਟੈਲੀਜੈਂਸ, ਪੰਜਾਬ, ਚੰਡੀਗੜ੍ਹ।
3. ਏ.ਡੀ.ਜੀ.ਪੀ/ਆਰਮਡ ਬਨਜ:, ਜਲੰਧਰ।
4. ਏ.ਡੀ.ਜੀ.ਪੀ/ਬਿਓਰੋ ਆਫ ਇਨਵੈਸਟੀਗੇਸਨ, ਪੰਜਾਬ, ਚੰਡੀਗੜ੍ਹ।
5. ਏ.ਡੀ.ਜੀ.ਪੀ/ਜੀ.ਆਰ.ਪੀ, ਪੰਜਾਬ, ਪਟਿਆਲਾ।
6. ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
7. ਸਮੂਹ ਕਮਿਸਨਰੇਟ ਪੁਲਿਸ, ਪੰਜਾਬ।
8. ਸਮੂਹ ਰੇਂਜ ਡੀ.ਆਈ.ਜੀ, ਪੰਜਾਬ।
9. ਸਮੂਹ ਸੀਨੀਅਰ ਕਪਤਾਨ ਪੁਲਿਸ, ਪੰਜਾਬ।

ਯਾਦ ਪੱਤਰ ਨੰ: 2949-89 /ਈ-1(3)
ਮਿਤੀ, ਚੰਡੀਗੜ੍ਹ: 13-03-2018

ਵਿਸਾ :- **ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਵੰਡ ਕਰਨ ਸਬੰਧੀ।**

*****

ਹਵਾਲਾ ਇਸ ਦਫਤਰ ਦੇ ਪੱਤਰ ਨੰ: 283-382/ਈ-1(3) ਮਿਤੀ 03.01.2018, 505-604/ਈ-1(3) ਮਿਤੀ 05.01.2018, 1414-1513/ਈ-1(2) ਮਿਤੀ 25.01.2018 ਅਤੇ 2401-16/ਈ-1(3) ਮਿਤੀ 23.02.2018, ਉਪਰੋਕਤ ਵਿਸੇ ਦੇ ਸਬੰਧ ਵਿੱਚ।

2. ਹਵਾਲਾ ਅਧੀਨ ਪੱਤਰਾਂ ਰਾਹੀਂ ਇਸ ਦਫਤਰ ਵੱਲੋਂ ਸਮੂਹ ਕਰਮਚਾਰੀਆਂ ਨੂੰ ਜਿਲ੍ਹਾਂ ਕੇਡਰ ਜਾਂ ਆਰਮਡ ਕੇਡਰ ਵਿੱਚ ਜਾਣ ਸਬੰਧੀ ਆਪਸਨਾਂ ਦੇਣ ਲਈ ਸੂਚਿਤ ਕੀਤਾ ਗਿਆ ਸੀ। ਆਪਸਨਾਂ ਆਉਣ ਉਪਰੰਤ ਸਮੂਹ ਰੈਂਕਾਂ ਵਿੱਚ ਜਿਲਾ ਕੇਡਰ ਅਤੇ ਆਰਮਡ ਕੇਡਰ ਦੇ ਕਰਮਚਾਰੀਆਂ ਦੀ ਸੂਚੀ ਭੇਜ ਕੇ ਲਿਖਿਆ ਗਿਆ ਸੀ ਕਿ ਆਪ ਜੀ ਦੇ ਅਧੀਨ ਤਾਇਨਾਤ ਕਰਮਚਾਰੀਆਂ ਨੂੰ ਇਸ ਸਬੰਧ ਵਿੱਚ ਨੋਟ ਕਰਵਾਇਆ ਜਾਵੇ ਅਤੇ ਸਬੰਧਤ ਕਰਮਚਾਰੀਆਂ ਪਾਸੋਂ ਇਸ ਸਬੰਧੀ ਲਿਖਤੀ ਤੌਰ ਤੇ ਪੁਛਿਆ ਜਾਵੇ ਕਿ ਉਹਨਾਂ ਨੂੰ ਇਸ ਵੰਡ ਸਬੰਧੀ ਕੋਈ ਇਤਰਾਜ ਹੈ ਜਾਂ ਨਹੀਂ। ਜੇਕਰ ਇਸ ਵੰਡ ਸਬੰਧੀ ਕਿਸੇ ਕਰਮਚਾਰੀ ਨੂੰ ਇਤਰਾਜ ਹੈ ਤਾਂ 15 ਦਿਨ ਦੇ ਅੰਦਰ-ਅੰਦਰ ਹਾਸਲ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

3. ਇਸ ਵੰਡ ਸਬੰਧੀ ਐਸ.ਆਈ/ਇੰਸਪੈਕਟਰ ਰੈਂਕ ਦੇ ਬਹੁਤ ਸਾਰੇ ਕਰਮਚਾਰੀਆਂ ਵੱਲੋਂ ਇਤਰਾਜ ਉਠਾਏ ਗਏ ਹਨ ਕਿ ਉਹਨਾਂ ਨੂੰ ਹਵਾਲਾ ਅਧੀਨ ਜਾਰੀ ਪੱਤਰਾਂ ਬਾਰੇ ਸੂਚਿਤ ਨਹੀਂ ਕੀਤਾ ਗਿਆ ਜਿਸ ਕਾਰਣ ਉਹਨਾਂ ਵੱਲੋਂ ਆਪਸਨ ਨਹੀਂ ਦਿੱਤੀ ਜਾ ਸਕੀ। ਇਹਨਾਂ ਵਿੱਚੋਂ ਕੁਝ ਕਰਮਚਾਰੀ ਜਾਤੀ ਤੌਰ ਤੇ ਵੀ ਇਸ ਦਫਤਰ ਵਿੱਚ ਪੇਸ ਹੋਏ ਹਨ। ਉਹਨਾਂ ਨੂੰ ਸੁਣਨ ਅਤੇ ਪ੍ਰਤੀਬੇਨਤੀਆਂ ਨੂੰ ਵਾਚਣ ਉਪਰੰਤ ਇਹ ਫੈਸ... ਲਿਆ ਗਿਆ ਹੈ ਕਿ ਇਹਨਾਂ ਕਰਮਚਾਰੀਆਂ ਨੂੰ ਆਪਸਨ ਦੇਣ ਸਬੰਧੀ ਇੱਕ ਹੋਰ ਮੌਕਾ ਦਿੱਤਾ ਜਾਵੇ।

4. ਉਪਰੋਕਤ ਦਰਸਾਏ ਅਨੁਸਾਰ ਸਮੂਹ ਕਰਮਚਾਰੀਆਂ ਨੂੰ ਨਿਰਧਾਰਿਤ ਪ੍ਰੋਫਾਰਮੇ (ਨਾਲ ਨੱਥੀ) ਵਿੱਚ ਆਪਣੀ ਆਪਸਨ 7 ਦਿਨਾਂ ਦੇ ਅੰਦਰ-ਅੰਦਰ ਦੇਣ ਲਈ ਲਿੱਖ ਦਿੱਤਾ ਜਾਵੇ ਅਤੇ ਜਿਹੜੇ ਕਰਮਚਾਰੀਆਂ ਵੱਲੋਂ ਪਹਿਲਾਂ ਆਪਸਨ ਦਿੱਤੀ ਗਈ ਹੈ ਨੂੰ ਵੀ ਸੂਚਿਤ ਕਰ ਦਿੱਤਾ ਜਾਵੇ ਕਿ ਜੇਕਰ ਉਹ ਆਪਣੀ ਆਪਸਨ ਵਿੱਚ ਤਬਦੀਲੀ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ।

5. ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਆਪਸਨ ਦੇਣ ਬਾਰੇ ਕਰਮਚਾਰੀਆਂ ਦੀ ਆਪਣੀ ਨਿੱਜੀ ਜਿੰਮੇਵਾਰੀ ਵੀ ਹੋਵੇਗੀ। ਉਹਨਾਂ ਵੱਲੋਂ ਦਿੱਤੀ ਗਈ ਆਪਸਨ ਅੰਤਿਮ ਹੋਵੇਗੀ ਅਤੇ ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਕਰਮਚਾਰੀ ਦੀ ਆਪਸਨ ਸਵੀਕਾਰ ਨਹੀਂ ਕੀਤੀ ਜਾਵੇਗੀ। ਕਰਮਚਾਰੀਆਂ ਨੂੰ ਉਪਰੋਕਤ ਸਬੰਧੀ ਨੋਟ ਕਰਾਉਣ ਦੀ ਜਿੰਮੇਵਾਰੀ ਸਬੰਧਤ ਯੂਨਿਟ ਮੁੱਖੀ/ਇੰਚਾਰਜ ਦੀ ਹੋਵੇਗੀ।

6. ਇਸ ਪੱਤਰ ਨੂੰ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਵੀ ਪਾਇਆ ਜਾਂਦਾ ਹੈ ਤਾਂ ਜੋ ਕਿਸੇ ਕਰਮਚਾਰੀ ਨੂੰ ਭਵਿੱਖ ਵਿੱਚ ਇਹ ਕਹਿਣ ਦਾ ਮੌਕਾ ਨਾ ਮਿਲੇ ਕਿ ਉਸਨੂੰ ਇਸ ਸਬੰਧੀ ਨੋਟ ਨਹੀਂ ਕਰਵਾਇਆ ਗਿਆ ਜਾਂ ਪਤਾ ਨਹੀਂ ਲੱਗਿਆ।

ਆਈ.ਜੀ.ਪੀ/ਸਥਾਨਕ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ : /ਈ-1(3), ਮਿਤੀ :

ਉਪਰੋਕਤ ਦਾ ਉਤਾਰਾ ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਤੇ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਆਈ.ਜੀ.ਪੀ/ਸਥਾਨਕ
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।